# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

ਵੱਲ:

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.)
   ਪੰਜਾਬ।
2. ਸਮੂਹ ਸਕੂਲ ਮੁੱਖੀ, ਸੀਨੀਅਰ ਸੈਕੰਡਰੀ/ ਹਾਈ ਸਕੂਲ
   ਪੰਜਾਬ (ਵੈਬ ਸਾਇਟ ਰਾਹੀਂ)

ਮੀਮੋ ਨੰ: 5/3-ICT-2008/Rectt./Rational/ 47532
ਮਿਤੀ, ਚੰਡੀਗੜ੍ਹ: 23-07-2010

**ਵਿਸ਼ਾ: ਕੰਪਿਊਟਰ ਅਧਿਆਪਕਾਂ ਦੇ ਮਿਡਲ ਸਕੂਲਾਂ ਵਿੱਚ ਟਾਇਮ ਟੇਬਲ ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਕੰਪਿਊਟਰ ਅਧਿਆਪਕਾਂ ਦੀ ਰੈਸ਼ਨੇਲਾਇਜੇਸ਼ਨ ਕਰਦੇ ਸਮੇਂ ਇਹ ਨੀਤੀ ਬਣਾਈ ਸੀ ਕਿ ਮਿਡਲ ਸਕੂਲ ਦੀ ਕੰਪਿਊਟਰ ਲੈਬ ਨੂੰ ਉਸ ਸਕੂਲ ਦੇ ਕੰਪਲੈਕਸ ਸਕੂਲ ਦੀ ਐਡੀਸ਼ਨਲ ਲੈਬ ਮੰਨਿਆ ਜਾਵੇਗਾ ਅਤੇ ਕੰਪਿਊਟਰ ਅਧਿਆਪਕ ਨੂੰ ਲੋੜ ਅਨੁਸਾਰ ਮਿਡਲ ਸਕੂਲ ਵਿੱਚ ਵਿਦਿਆਰਥੀਆਂ ਦੀ ਪੜਾਈ ਲਈ ਭੇਜਿਆ ਜਾਵੇਗਾ।ਮਿਡਲ ਸਕੂਲ ਵਿੱਚ ਕੰਪਿਊਟਰ ਸਿੱਖਿਆ ਦੀ ਜਿੰਮੇਵਾਰੀ ਕੰਪਲੈਕਸ ਸਕੂਲ ਦੇ ਸਕੂਲ ਮੁੱਖੀ ਦੀ ਹੋਵੇਗੀ।
2. ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸੀਨੀਆਰ ਸੈਕੰਡਰੀ/ ਹਾਈ ਸਕੂਲਾਂ ਦੇ ਮੁੱਖਿਆਂ ਵੱਲੋਂ ਮਹੀਨਾਵਾਰ ਬਦਲ-ਬਦਲ ਕੇ ਕੰਪਿਊਟਰ ਅਧਿਆਪਕ ਦੀ ਡਿਊਟੀ ਮਿਡਲ ਸਕੂਲਾਂ ਵਿੱਚ ਪੜਾਉਣ ਦੀ ਲਗਾਈ ਜਾਂਦੀ ਹੈ, ਜਿਸ ਨਾਲ ਮਿਡਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜਾਈ ਦਾ ਨੁਕਸਾਨ ਹੋ ਰਿਹਾ ਹੈ।
3. ਆਪ ਨੂੰ ਲਿਖਿਆ ਜਾਂਦਾ ਹੈ ਕਿ ਸੀਨੀਆਰ ਸੈਕੰਡਰੀ/ ਹਾਈ ਸਕੂਲ ਅਤੇ ਉਸ ਨਾਲ ਅਟੈਚ ਮਿਡਲ ਸਕੂਲ ਵਿੱਚ ਕੰਪਿਊਟਰ ਵਿਸ਼ੇ ਦਾ ਟਾਇਮ ਟੇਬਲ ਇੱਕਠਾ ਬਣਾਇਆ ਜਾਵੇ ਅਤੇ ਜਿਸ ਕੰਪਿਊਟਰ ਅਧਿਆਪਕ ਨੂੰ ਟਾਇਮ ਟੇਬਲ ਅਲਾਟ ਕੀਤਾ ਜਾਵੇ ਉਹੀ ਮਿਡਲ ਸਕੂਲ ਵਿੱਚ ਟਾਇਮ ਟੇਬਲ ਅਨੁਸਾਰ ਜਾਵੇਗਾ। ਇਸ ਗਲ ਦਾ ਵੀ ਖਾਸ ਧਿਆਨ ਰੱਖਿਆ ਜਾਵੇ ਕਿ ਇੱਕ ਦਿਨ ਵਿੱਚ ਕੰਪਿਊਟਰ ਅਧਿਆਪਕ ਇੱਕ ਸਕੂਲ ਵਿੱਚ ਹੀ ਪੜਾਏਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ**
**ਪੰਜਾਬ,ਚੰਡੀਗੜ੍ਹ**